NYLPI

New York Lawyers For the Public Interest, Inc.
151 West 30th Street, 11th Floor
New York, NY 10001-4007
Tel 212-244-4664 Fax 212-244-4570
TDD 212-244-3692 Email info@nylpi.org
Website: www.nylpi.org

ADVOCATES FOR CHILDREN
151 West 30th Street, Fifth Floor
New York, New York 10001
Phone: (212) 947-9779
Fax: (212) 947-9790
E-mail: info@advocatesforchildren.org
www.advocatesforchildren.org

# *ਭਾਸ਼ਾ ਸਬੰਧੀ ਸੇਵਾਵਾਂ ਅਤੇ ਵਿਸ਼ੇਸ਼ ਸਿੱਖਿਆ*
# *ਨਿਊ ਯੌਰਕ ਸਿਟੀ*

ਜੇਕਰ ਤੁਸੀਂ ਇਹੋ ਜਿਹੇ ਬੱਚੇ/ਬੱਚੀ ਦੀ/ਦੇ ਮਾਤਾ/ਪਿਤਾ ਜਾਂ ਸਰਪਰਸਤ ਹੋ ਜੋ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰ ਰਿਹਾ/ਰਹੀ ਹੈ ਜਾਂ ਜਿਸਨੂੰ ਉਨ੍ਹਾਂ ਦੀ ਲੋੜ ਹੈ, ਤਾਂ ਤੁਹਾਨੂੰ ਆਪਣੇ ਬੱਚੇ/ਬੱਚੀ ਦਾ ਵਿਸ਼ੇਸ਼ ਸਿੱਖਿਆ ਸਬੰਧੀ ਕਾਰਜਕ੍ਰਮ ਤਿਆਰ ਕਰਨ ਅਤੇ ਚੁਣਨ 'ਚ ਮਦਦ ਕਰਨ ਦਾ ਅਧਿਕਾਰ ਹੈ। ਜੇਕਰ ਤੁਹਾਡੀ ਮਾਂ ਬੋਲੀ ਅੰਗ੍ਰੇਜ਼ੀ ਨਹੀਂ ਹੈ, ਤਾਂ ਤੁਹਾਨੂੰ ਅਨੁਵਾਦ ਸੇਵਾਵਾਂ (ਦਸਤਾਵੇਜ਼ਾਂ 'ਚ ਮੌਜੂਦ ਸ਼ਬਦਾਂ ਦਾ ਤੁਹਾਡੀ ਭਾਸ਼ਾ 'ਚ ਰੂਪਾਂਤਰ) ਅਤੇ ਦੁਭਾਸ਼ੀਆ ਸੇਵਾਵਾਂ (ਬੋਲੇ ਜਾਣ ਵਾਲੇ ਸ਼ਬਦਾਂ ਦਾ ਤੁਹਾਡੀ ਭਾਸ਼ਾ 'ਚ ਰੂਪਾਂਤਰ) ਦਾ ਅਧਿਕਾਰ ਹੈ ਤਾਂ ਜੋ ਤੁਸੀਂ ਆਪਣੇ ਬੱਚੇ/ਬੱਚੀ ਦੇ ਸਿੱਖਿਆ ਸਬੰਧੀ ਕਾਰਜਕ੍ਰਮ ਨੂੰ ਸਮਝਣ ਅਤੇ ਉਸਨੂੰ ਤਿਆਰ ਕਰਨ 'ਚ ਮਦਦ ਕਰ ਸਕੋ।

ਵਿਸ਼ੇਸ਼ ਸਿੱਖਿਆ ਲਈ ਸਕੂਲ ਅਤੇ ਕਮੇਟੀਆਂ (CSE) ਦਸਤਾਵੇਜ਼ਾਂ ਦੇ ਅਨੁਵਾਦ ਅਤੇ ਇਹ ਯਕੀਨੀ ਕਰਨ ਲਈ ਜ਼ਿੰਮੇਵਾਰ ਹਨ ਕਿ ਮਾਂਪਿਆਂ ਅਤੇ ਨਿਊ ਯੌਰਕ ਸ਼ਹਿਰ ਸਿੱਖਿਆ ਵਿਭਾਗ (DOE) ਦੇ ਸਦੱਸਾਂ ਦੀਆਂ ਬੈਠਕਾਂ 'ਚ ਦੁਭਾਸ਼ੀਏ ਮੌਜੂਦ ਹੋਣ। DOE ਲਈ ਤੁਹਾਨੂੰ ਇਹ ਸੇਵਾਵਾਂ ਮੁਹੱਈਆ ਕਰਨਾ ਜ਼ਰੂਰੀ ਹੈ ਅਤੇ ਉਹ ਤੁਹਾਨੂੰ ਬੈਠਕਾਂ 'ਚ ਆਪਣੇ ਲਈ ਤਰਜਮਾਨੀ ਕਰਨ ਲਈ ਕਿਸੇ ਵਿਅਕਤੀ ਨੂੰ ਨਾਲ ਲਿਆਉਣ ਲਈ ਨਹੀਂ ਕਹਿ ਸਕਦੇ ਜਾਂ ਉਸ ਬਾਰੇ ਜ਼ੋਰ ਨਹੀਂ ਪਾ ਸਕਦੇ। ਹਾਲਾਂਕਿ, ਫਿਰ ਵੀ ਬੈਠਕਾਂ 'ਚ ਆਪਣੇ ਲਈ ਤਰਜਮਾਨੀ ਕਰਨ ਲਈ ਤੁਸੀਂ ਕਿਸੇ ਬਾਲਗ ਮਿੱਤਰ ਜਾਂ ਸਬੰਧੀ ਨੂੰ ਲਿਆਉਣ ਦਾ ਚੁਣਾਵ ਕਰ ਸਕਦੇ ਹੋ। ਕਿਸੇ ਵੀ ਹਾਲਾਤ 'ਚ ਦੁਭਾਸ਼ੀਏ ਦੇ ਤੌਰ 'ਤੇ DOE ਕਿਸੇ ਬੱਚੇ ਨੂੰ ਪੇਸ਼ ਨਹੀਂ ਕਰ ਸਕਦਾ।

<u>ਅਨੁਵਾਦ</u>

ਤੁਹਾਨੂੰ ਹੇਠ ਦਿੱਤੀ ਗਈ ਜਾਣਕਾਰੀ ਆਪਣੀ ਮਾਂ ਬੋਲੀ 'ਚ ਪ੍ਰਾਪਤ ਕਰਨ ਦਾ ਅਧਿਕਾਰ ਹੈ:

- <u>ਮੁਲਾਂਕਣ ਲਈ ਮਨਜ਼ੂਰੀ ਦੀ ਸੂਚਨਾ:</u> ਇਹ ਇਕ ਪੱਤਰ ਹੁੰਦਾ ਹੈ ਜੋ ਸਕੂਲ ਦੁਆਰਾ ਤੁਹਾਨੂੰ ਓਦੋਂ ਭੇਜਿਆ ਜਾਣਾ ਚਾਹੀਦਾ ਹੈ ਜਦੋਂ ਇਹ ਪਤਾ ਲਗਾਉਣ ਲਈ ਉਹ ਤੁਹਾਡੇ ਬੱਚੇ/ਬੱਚੀ ਦੇ ਮੁਲਾਂਕਣ ਜਾਂ ਪਰੀਖਣ ਲਈ ਤੁਹਾਡੀ ਇਜਾਜ਼ਤ ਲੈਣਾ ਚਾਹੁੰਦੇ ਹੋਣ ਕਿ ਉਸਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਦੀ ਲੋੜ ਹੈ ਜਾਂ ਨਹੀਂ।
- <u>ਬੈਠਕ ਦੀ ਸੂਚਨਾ:</u> ਇਹ ਪੱਤਰ ਤੁਹਾਨੂੰ ਦੱਸਦਾ ਹੈ ਕਿ ਇਕ ਬੈਠਕ ਨਿਯਤ ਕੀਤੀ ਗਈ ਹੈ।
- <u>ਮੁਲਾਂਕਣ ਦੀਆਂ ਰਿਪੋਰਟਾਂ:</u> ਇਹ ਰਿਪੋਰਟਾਂ ਇਹ ਨਿਰਧਾਰਤ ਕਰਨ ਲਈ DOE ਦੁਆਰਾ ਕੀਤੇ ਗਏ ਪਰੀਖਣਾਂ ਦੇ ਨਤੀਜਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ ਕਿ ਤੁਹਾਡਾ ਬੱਚਾ/ਬੱਚੀ ਸਿੱਖਣ 'ਚ ਅਸਮਰੱਥ ਹੈ ਜਾਂ ਨਹੀਂ ਅਤੇ ਉਸਨੂੰ ਕਿਸ ਕਿਸਮ ਦੀਆਂ ਸੇਵਾਵਾਂ ਦੀ ਲੋੜ ਹੋ ਸਕਦੀ ਹੈ।
- <u>ਅੰਤਮ ਸਿਫ਼ਾਰਸ਼ੀ ਸੂਚਨਾ:</u> ਇਹ ਪੱਤਰ ਤੁਹਾਨੂੰ ਦੱਸਦਾ ਹੈ ਕਿ ਤੁਹਾਡੇ ਬੱਚੇ/ਬੱਚੀ ਦੀਆਂ ਵਿਸ਼ੇਸ਼ ਸਿੱਖਿਆ ਸੇਵਾਵਾਂ 'ਚ DOE ਕੀ ਬਦਲਾਵ ਕਰਨ ਦੀ ਯੋਜਨਾ ਬਣਾ ਰਿਹਾ ਹੈ।
- <u>ਵਿਅਕਤੀਗਤ ਸਿੱਖਿਆ ਪ੍ਰੋਗ੍ਰਾਮ (IPE):</u> ਇਹ ਦਸਤਾਵੇਜ਼ ਇਹ ਬਿਓਰਾ ਦਿੰਦਾ ਹੈ ਕਿ ਤੁਹਾਡੇ ਬੱਚੇ/ਬੱਚੀ ਨੂੰ ਵਿਸ਼ੇਸ਼ ਸਿੱਖਿਆ ਸਬੰਧੀ ਕਿਹੜਾ ਕਾਰਜਕ੍ਰਮ ਅਤੇ ਸੇਵਾਵਾਂ ਮਿਲਣੀਆਂ ਚਾਹੀਦੀਆਂ ਹਨ।
- <u>ਰਿਪੋਰਟ ਕਾਰਡ/ਪਰਗਤੀ ਰਿਪੋਰਟਾਂ:</u> ਇਹ ਦਸਤਾਵੇਜ਼ ਇਸ ਬਾਰੇ ਜਾਣਕਾਰੀ ਦਿੰਦਾ ਹੈ ਕਿ ਸਕੂਲ 'ਚ ਤੁਹਾਡਾ ਬੱਚਾ/ਬੱਚੀ ਕਿੰਜ ਪਰਦਰਸ਼ਨ ਕਰ ਰਿਹਾ/ਰਹੀ ਹੈ।
- <u>ਪਰਕਿਰਿਆਤਮਕ ਸੁਰੱਖਿਆ ਸੂਚਨਾ:</u> ਇਹ ਦਸਤਾਵੇਜ਼ ਬਿਓਰਾ ਦਿੰਦਾ ਹੈ ਕਿ ਕਿਸੇ ਇਹੋ ਜਿਹੇ ਬੱਚੇ/ਬੱਚੀ ਦੀ/ਦੇ ਮਾਤਾ/ਪਿਤਾ ਦੇ ਤੌਰ 'ਤੇ ਤੁਹਾਡੇ ਕੀ ਅਧਿਕਾਰ ਹਨ ਜੋ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰ ਰਿਹਾ/ਰਹੀ ਹੈ ਜਾਂ ਜਿਸਨੂੰ ਉਨ੍ਹਾਂ ਸੇਵਾਵਾਂ ਦੀ ਲੋੜ ਹੋ ਸਕਦੀ ਹੈ।
- <u>ਮਧਿਅਸਥਤਾ ਸਮਝੌਤਾ:</u> ਇਹ ਇਕ ਕਾਨੂੰਨੀ ਸਮਝੌਤਾ ਹੁੰਦਾ ਹੈ ਜੋ ਤੁਹਾਡੇ ਅਤੇ ਡੀ.ਓ.ਈ. ਦੇ ਦਰਮਿਆਨ ਇਕ ਬੈਠਕ (ਇਕ "ਮਧਿਅਸਥਤਾ ਬੈਠਕ") ਤੋਂ ਬਾਅਦ ਤਿਆਰ ਕੀਤਾ ਜਾਂਦਾ ਹੈ, ਜੋ ਇਹ ਬਿਓਰਾ ਦਿੰਦਾ ਹੈ ਕਿ ਤੁਸੀਂ ਆਪਣੇ ਬੱਚੇ/ਬੱਚੀ ਦੀ ਵਿਸ਼ੇਸ਼ ਸਿੱਖਿਆ ਸਬੰਧੀ ਕਾਰਜਕ੍ਰਮ ਬਾਰੇ ਅਸਹਿਮਤੀ ਦਾ ਹੱਲ ਕਿੰਜ ਕੀਤਾ ਹੈ।

- <u>ਸਮਾਧਾਨ ਸਮਝੌਤਾ:</u> ਇਹ ਇਕ ਕਾਨੂੰਨੀ ਸਮਝੌਤਾ ਹੁੰਦਾ ਹੈ ਜੋ ਤੁਹਾਡੇ ਅਤੇ DOE ਦੇ ਦਰਮਿਆਨ ਕਿਸੇ ਨਿਰਪੱਖ ਸੁਣਵਾਈ ਤੋਂ ਪਹਿਲਾਂ ਹੋਣ ਵਾਲੀ ਇਕ ਬੈਠਕ (ਇਕ "ਸਮਾਧਾਨ ਬੈਠਕ") ਦੇ ਦੌਰਾਨ ਤਿਆਰ ਕੀਤਾ ਜਾਂਦਾ ਹੈ। ਇਹ ਸਮਝੌਤਾ ਇਹ ਬਿਓਰਾ ਦਿੰਦਾ ਹੈ ਕਿ ਤੁਸੀਂ ਆਪਣੇ ਬੱਚੇ/ਬੱਚੀ ਦੀ ਵਿਸ਼ੇਸ਼ ਸਿੱਖਿਆ ਸਬੰਧੀ ਕਾਰਜਕ੍ਰਮ ਬਾਰੇ ਅਸਹਿਮਤੀ ਦਾ ਹੱਲ ਕਿੰਜ ਕੀਤਾ ਹੈ।
- <u>ਨਿਰਪੱਖ ਸੁਣਵਾਈ ਦਾ ਫ਼ੈਸਲਾ:</u> ਜਦੋਂ ਆਪਣੇ ਬੱਚੇ/ਬੱਚੀ ਦੀ ਵਿਸ਼ੇਸ਼ ਸਿੱਖਿਆ ਸਬੰਧੀ ਕਾਰਜਕ੍ਰਮ 'ਤੇ ਤੁਸੀਂ ਅਤੇ DOE ਸਹਿਮਤ ਨਾ ਹੋ ਸਕੋ (ਅਤੇ ਕਿਸੇ ਮਧਿਅਸਥਤਾ ਬੈਠਕ ਜਾਂ ਸਮਾਧਾਨ ਬੈਠਕ 'ਚ ਸਹਿਮਤ ਨਾ ਹੋ ਸਕੋ), ਤਾਂ ਤੁਸੀਂ ਕਿਸੇ ਨਿਰਪੱਖ ਸੁਣਵਾਈ 'ਚ ਕਿਸੇ ਸੁਣਵਾਈ ਅਫ਼ਸਰ ਨੂੰ ਆਪਣਾ ਮਾਮਲਾ ਪੇਸ਼ ਕਰ ਸਕਦੇ ਹੋ ਜੋ ਇਸ ਬਾਰੇ ਫ਼ੈਸਲਾ ਕਰੇਗਾ ਕਿ ਤੁਹਾਡੇ ਬੱਚੇ/ਬੱਚੀ ਨੂੰ DOE ਤੋਂ ਕਿਹੜੇ ਕਾਰਜਕ੍ਰਮ ਅਤੇ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ। ਇਸ ਨਿਰਪੱਖ ਸੁਣਵਾਈ ਤੋਂ ਬਾਅਦ ਸੁਣਵਾਈ ਅਫ਼ਸਰ ਦਾ ਲਿੱਖਤ ਫ਼ੈਸਲਾ ਹੁੰਦਾ ਹੈ।

<u>ਦੁਭਾਸ਼ੀਆ ਸੇਵਾ</u>

ਹੇਠ ਦਿੱਤੇ ਗਏ ਹਾਲਾਤ 'ਚ ਤੁਹਾਨੂੰ ਆਪਣੀ ਮਾਂ ਬੋਲੀ 'ਚ ਇਕ ਪਰਵਾਹਸ਼ੀਲ ਦੁਭਾਸ਼ੀਆ ਲੈਣ ਦਾ ਅਧਿਕਾਰ ਹੈ:

- <u>IEP ਦੀ ਬੈਠਕ:</u> ਤੁਹਾਡੇ ਬੱਚੇ/ਬੱਚੀ ਦੀ ਵਿਸ਼ੇਸ਼ ਸਿੱਖਿਆ ਸਬੰਧੀ ਕਾਰਜਕ੍ਰਮ, ਜਿਸਨੂੰ ਵਿਅਕਤੀਗਤ ਸਿੱਖਿਆ ਪ੍ਰੋਗ੍ਰਾਮ ਕਿਹਾ ਜਾਂਦਾ ਹੈ, ਦੀ ਤਿਆਰੀ, ਚਰਚਾ, ਜਾਂ ਸਮੀਖਿਆ ਲਈ ਇਕ ਬੈਠਕ।
- <u>CSE ਸਮੀਖਿਆ:</u> CSE ਨਾਲ ਤੁਹਾਡੇ ਬੱਚੇ/ਬੱਚੀ ਦੇ <u>IEP</u> ਦੀ ਸਮੀਖਿਆ ਲਈ ਇਕ ਬੈਠਕ। CSE, DOE ਦਾ ਇਕ ਹਿੱਸਾ ਹੈ ਅਤੇ ਵਿਸ਼ੇਸ਼ ਸਿੱਖਿਆ ਲਈ ਜ਼ਿੰਮੇਵਾਰ ਹੈ।
- <u>ਮਧਿਅਸਥਤਾ ਬੈਠਕ:</u> ਤੁਹਾਡੇ, CSE ਜਾਂ ਸਕੂਲ, ਅਤੇ ਤੁਹਾਡੇ ਬੱਚੇ/ਬੱਚੀ ਦੀ ਵਿਸ਼ੇਸ਼ ਸਿੱਖਿਆ ਸਬੰਧੀ ਕਾਰਜਕ੍ਰਮ ਬਾਰੇ ਅਸਹਿਮਤੀ ਨੂੰ ਹੱਲ ਕਰਨ 'ਚ ਮਦਦ ਕਰਨ ਦੀ ਕੋਸ਼ਸ਼ ਕਰਨ ਵਾਲੇ ਕਿਸੇ ਨਿਰਪੱਖ ਵਿਅਕਤੀ ਦੇ ਦਰਮਿਆਨ ਬੈਠਕ।
- <u>ਸਮਾਧਾਨ ਬੈਠਕ:</u> ਤੁਹਾਡੇ ਅਤੇ CSE ਦੇ ਦਰਮਿਆਨ ਕਿਸੇ ਨਿਰਪੱਖ ਸੁਣਵਾਈ ਤੋਂ ਪਹਿਲਾਂ ਹੋਣ ਵਾਲੀ ਇਕ ਬੈਠਕ ਜਿਸ 'ਚ ਤੁਸੀਂ ਆਪਣੇ ਬੱਚੇ/ਬੱਚੀ ਦੀ ਵਿਸ਼ੇਸ਼ ਸਿੱਖਿਆ ਸਬੰਧੀ ਕਾਰਜਕ੍ਰਮ ਬਾਰੇ ਸਹਿਮਤ ਹੋਣ ਦੀ ਕੋਸ਼ਸ਼ ਕਰਦੇ ਹੋ।
- <u>ਨਿਰਪੱਖ ਸੁਣਵਾਈ:</u> ਇਕ ਸੁਣਵਾਈ ਜੋ ਓਦੋਂ ਹੁੰਦੀ ਹੈ ਜਦੋਂ ਆਪਣੇ ਬੱਚੇ/ਬੱਚੀ ਦੀ ਵਿਸ਼ੇਸ਼ ਸਿੱਖਿਆ ਸਬੰਧੀ ਕਾਰਜਕ੍ਰਮ 'ਤੇ ਤੁਸੀਂ ਅਤੇ CSE ਸਹਿਮਤ ਨਾ ਹੋ ਸਕੋ ਅਤੇ ਜਿਸ 'ਚ ਤੁਹਾਡਾ ਮਾਮਲਾ ਕਿਸੇ ਨਿਰਪੱਖ ਸੁਣਵਾਈ ਅਫ਼ਸਰ, ਇਕ ਵਿਅਕਤੀ ਜੋ ਕਿਸੇ ਨਿਰਨਾਇਕ ਵਾਂਗ ਕੰਮ ਕਰਦਾ ਹੈ ਅਤੇ ਇਸ ਬਾਰੇ ਫ਼ੈਸਲਾ ਕਰਦਾ ਹੈ ਕਿ ਤੁਹਾਡੇ ਬੱਚੇ/ਬੱਚੀ ਨੂੰ ਕਿਹੜੇ ਕਾਰਜਕ੍ਰਮ ਅਤੇ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ, ਨੂੰ ਪੇਸ਼ ਕੀਤਾ ਜਾਂਦਾ ਹੈ।

<u>ਅਤਿਰਿਕਤ ਅਧਿਕਾਰ</u>

ਤੁਹਾਨੂੰ ਸ਼ਹਿਰ 'ਚ ਸਭ ਮਾਂਪਿਆਂ ਨੂੰ ਭੇਜੇ ਜਾਣ ਵਾਲੇ ਅਨੁਵਾਦ ਕੀਤੇ ਗਏ ਦਸਤਾਵੇਜ਼ ਪ੍ਰਾਪਤ ਕਰਨ ਦਾ ਅਧਿਕਾਰ ਹੈ। ਇਸ 'ਚ ਤੁਹਾਡੇ ਬੱਚੇ/ਬੱਚੀ ਦੇ ਪੰਜੀਕਰਨ, ਸਕੂਲ ਲਈ ਅਰਜ਼ੀ ਦੇਣ ਅਤੇ ਉਸਦਾ ਚੁਣਾਵ ਕਰਨ, ਅਤੇ ਸਕੂਲ 'ਚ ਕਿਸੇ ਬੱਚੇ/ਬੱਚੀ ਦੀ ਕਾਮਯਾਬੀ ਨੂੰ ਮਾਪਣ ਦੇ ਤਰੀਕੇ ਬਾਰੇ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਇਸਤੋਂ ਇਲਾਵਾ, ਤੁਹਾਨੂੰ ਆਪਣੇ ਬੱਚੇ/ਬੱਚੀ ਦੇ ਵਿਹਾਰ, ਸੁਰੱਖਿਆ, ਅਤੇ ਅਨੁਸ਼ਾਸਨ ਬਾਰੇ ਅਨੁਵਾਦ ਕੀਤੀ ਗਈ ਜਾਣਕਾਰੀ ਵੀ ਪ੍ਰਾਪਤ ਹੋਣੀ ਚਾਹੀਦੀ ਹੈ। ਤੁਹਾਨੂੰ ਸ਼ਹਿਰ 'ਚ ਹੋਣ ਵਾਲੀਆਂ ਬੈਠਕਾਂ, ਜਿਵੇਂ ਸਿੱਖਿਆ ਨੀਤੀ ਪੈਨਲ ਦੀਆਂ ਮੀਟਿੰਗਾਂ; ਸਾਰੇ ਸ਼ਹਿਰ ਦੇ ਅੰਗਰੇਜੀ ਸਿੱਖਿਆਰਥੀਆਂ ਦੇ ਮਾਪਿਆਂ ਦੀਆਂ ਮੀਟਿੰਗਾਂ; ਸਾਰੇ ਸ਼ਹਿਰ/ ਸਮੁਦਾਅ ਦੀ ਸਿੱਖਿਆ ਕੌਂਸਲ ਦੀਆਂ ਮੀਟਿੰਗਾਂ ; ਅਤੇ ਸ਼ਹਿਰ 'ਚ ਕੇਂਦਰੀ ਦਫ਼ਤਰਾਂ ਦੁਆਰਾ ਆਯੋਜਤ ਮਾਂਪਿਆਂ ਲਈ ਦੂਜੀਆਂ ਬੈਠਕਾਂ 'ਚ ਇਕ ਦੁਭਾਸ਼ੀਆ ਮੰਗਣ ਦਾ ਅਧਿਕਾਰ ਹੈ। ਤੁਹਾਨੂੰ ਆਪਣੇ ਬੱਚੇ/ਬੱਚੀ ਦੇ ਸਕੂਲ 'ਚ ਹੋਣ ਵਾਲੀਆਂ ਪੇਰੈਂਟ ਟੀਚਰ ਐਸੋਸਿਏਸ਼ਨ (PTA) ਦੀਆਂ ਬੈਠਕਾਂ 'ਚ ਵੀ ਦੁਭਾਸ਼ੀਆ ਸੇਵਾਵਾਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ।

<u>ਕਾਰਵਾਈ ਕਰੋ!</u>

ਜੇਕਰ ਤੁਹਾਡੇ ਬੱਚੇ/ਬੱਚੀ ਦਾ ਸਕੂਲ ਤੁਹਾਨੂੰ ਭਾਸ਼ਾ ਸਬੰਧੀ ਸੇਵਾਵਾਂ ਮੁਹੱਈਆ ਨਹੀਂ ਕਰਦਾ ਰਿਹਾ ਹੈ, ਤਾਂ ਇਨ੍ਹਾਂ ਸੇਵਾਵਾਂ ਲਈ ਬੇਨਤੀ ਕਰਨ ਲਈ ਤੁਸੀਂ ਸਕੂਲ ਨੂੰ ਪੱਤਰ ਲਿੱਖ ਸਕਦੇ ਹੋ। ਜੇਕਰ ਪੱਤਰ ਜਾਂ ਇਸ ਤੱਥ ਸ਼ੀਟ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ (212) 244 4664 'ਤੇ New York Lawyers for the Public Interest ਜਾਂ (212) 822 9521 'ਤੇ Advocates for Children of New York ਨੂੰ ਸੰਪਰਕ ਕਰੋ।

ਜੇਕਰ ਸਕੂਲ ਜਾਂ DOE ਦਫ਼ਤਰ ਤੁਹਾਡੇ ਦੁਆਰਾ ਬੇਨਤੀ ਕੀਤੇ ਗਏ ਦਸਤਾਵੇਜ਼ਾਂ ਦਾ ਅਨੁਵਾਦ ਨਹੀਂ ਕਰਦਾ, ਤਾਂ ਤੁਸੀਂ ਪਰਿਵਾਰ ਰੁਝੇਵਾਂ ਅਤੇ ਹਮਾਇਤ ਦਫਤਰ (OFEA) 'ਚ (212) 374 2323 'ਤੇ ਫ਼ੋਨ ਕਰ ਕੇ ਜਾਂ (212) 374 0138 'ਤੇ ਆਪਣੇ ਪੱਤਰ ਦੀ ਇਕ ਕਾਪੀ ਫ਼ੈਕਸ ਕਰ ਕੇ ਸ਼ਿਕਾਇਤ ਕਰ ਸਕਦੇ ਹੋ।